# ਸਾਨੂੰ ਦੁਆ ਕਰਨੀ ਸਿਖਾ
## ਲੂਕਾ 11:1-13

*''ਤਾਂ ਐਉਂ ਹੋਇਆ ਕਿ ਉਹ ਕਿਸੇ ਥਾਂ ਦੁਆ ਕਰਦਾ ਸੀ ਅਰ ਜਾਂ ਕਰ ਹਟਿਆ ਤਾਂ ਉਹ ਦੇ ਚੇਲਿਆਂ ਵਿੱਚੋਂ ਇਕ ਨੇ ਉਹ ਨੂੰ ਆਖਿਆ, ਪ੍ਰਭੂ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾਲ ਜਿਵੇਂ ਯੂਹੰਨਾ ਨੇ ਭੀ ਆਪਣੇ ਚੇਲਿਆਂ ਨੂੰ ਸਿਖਾਈ'' (ਲੂਕਾ 11: 1)।*

''*ਸਾਨੂੰ* ਪ੍ਰਾਰਥਨਾ ਕਰਨਾ ਸਿਖਾ। ... ਮੈਨੂੰ ਦੁਆ ਕਰਨੀ ਸਿਖਾ।'' ਜਿਨ੍ਹਾਂ ਆਇਤਾਂ ਤੋਂ ਅਸੀਂ ਵਾਕਫ਼ ਹਾਂ, ਉਨ੍ਹਾਂ ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ ਅਤੇ ਜਿਨ੍ਹਾਂ ਨੂੰ ਨਹੀਂ ਜਾਣਦੇ ਉਨ੍ਹਾਂ ਨੂੰ ਵੀ ਪੜ੍ਹਨਾ ਚਾਹੀਦਾ ਹੈ। ਚੇਲਿਆਂ ਨੇ ਯਿਸੂ ਨੂੰ ਇਖ਼ਤਿਆਰ ਨਾਲ ਸਿੱਖਿਆ ਦਿੰਦੇ ਸੁਣਿਆ ਸੀ; ਉਨ੍ਹਾਂ ਨੇ ਉਸ ਨੂੰ ਵੱਡੇ ਵੱਡੇ ਅਜਬ ਕੰਮ ਕਰਦੇ ਵੇਖਿਆ ਸੀ; ਉਹ ਉਸ ਦੀ ਸ਼ਕਤੀ ਤੋਂ ਭੈ ਭੀਤ ਸਨ ... ਫਿਰ ਵੀ ਇਕ ਮਨ ਹੋ ਕੇ ਉਨ੍ਹਾਂ ਨੇ ਇਹੋ ਬੇਨਤੀ ਕੀਤੀ; ''ਸਾਨੂੰ ਪ੍ਰਾਰਥਨਾ ਕਰਨਾ ਸਿਖਾ।'' ਦੁਆ ਇਕ ਸੁਭਾਵਿਕ ਝੁਕਾਅ ਹੈ, ਕਿਉਂਕਿ ਧਰਮ ਦੀ ਬੁਨਿਆਦ ਦੁਆ ਹੀ ਹੈ। ਸਾਨੂੰ ਘਰ ਦੀ ਯਾਦ ਸਤਾਉਂਦੀ ਹੈ ਤੇ ਇਸਦਾ ਇਲਾਜ ਸਿਰਫ਼ ਦੁਆ ਹੈ। ਦੁਆ ਵੱਡੇ ਅਨੁਭਵ ਲਈ ਇਕ ਛੋਟਾ ਸ਼ਬਦ ਹੈ। ਲੂਕਾ 11: 1–13 ਦੁਆ ਤੇ ਸਭ ਤੋਂ ਵੱਡਾ ਨਿਬੰਧ ਹੈ। ਯਿਸੂ ਨੇ ਦੁਆ ਲਈ ਆਪਣੇ ਚੇਲਿਆਂ ਦੀ ਦੁਆ ਸੁਣੀ! ਦੁਆ ਉੱਤੇ ਹਰ ਸੰਸਾਰਿਕ ਸਿਧਾਂਤ ਇਸ ਵਿਚ ਸਿਖਾਇਆ ਗਿਆ ਹੈ। ਕਿਸੇ ਨੇ ਕਿਹਾ ਹੈ:

ਉਹ ਜਿਸਨੇ ਪਹਿਲਾਂ ਕਦੀ ਦੁਆ ਨਾ ਕੀਤੀ ਹੋਵੇ,
ਹੁਣ ਦੁਆ ਕਰੇ,
ਅਤੇ ਜਿਸ ਨੇ ਕੀਤੀ ਹੋਵੇ,
ਉਹ ਹੋਰ ਵੀ ਦੁਆ ਕਰੇ।

ਇਕ ਸਾਇੰਸਦਾਨ ਨੇ ਇਹ ਪੁੱਛੇ ਜਾਣ ਤੇ ਕਿ ''ਸਭ ਤੋਂ ਵੱਡੀ ਖੋਜ ਕੀ ਹੈ?'' ਜਵਾਬ ਦਿੱਤਾ, ''ਦੁਆ ਦੀ ਭਾਲ।'' ਪ੍ਰਚਾਰਕਾਂ ਨੂੰ ਆਮ ਤੌਰ ਤੇ ਲਗਦਾ ਹੈ ਕਿ ਕਲੀਸੀਆ ਦੇ ਲੋਕ ਬੰਦਗੀ ਵਿਚ ਉਨ੍ਹਾਂ ਦਾ ਸੰਦੇਸ਼ ਸੁਣਨ ਆਉਂਦੇ ਹਨ, ਪਰ ਅਸਲ ਵਿਚ ਉਹ ਸੰਦੇਸ਼ ਸੁਣਨ ਨਹੀਂ ਬਲਕਿ ਦੁਆ ਕਰਨਾ ਸਿੱਖਣ ਲਈ ਆਉਂਦੇ ਹਨ। ਦੁਆ ਕਰਨਾ ਰੂਹਾਨੀ ਸਾਹ ਲੈਣ ਵਾਂਗ ਹੈ। ਦੁਆ ਸੁਭਾਵਿਕ ਹੋ ਸਕਦੀ ਹੈ ਪਰ ਹੈ ਬੜੀ ਔਖੀ। ''ਮੈਂ ਦੁਆ ਹਾਂ! ਐ ਖ਼ੁਦਾ, ਮੈਨੂੰ ਪੜ੍ਹ।'' ਜੇ ਤੁਸੀਂ ਪੁੱਛੋ ਕਿ ''ਧਰਮ ਵਿਚ ਤੁਹਾਨੂੰ ਸਭ ਤੋਂ ਵੱਧ ਕੀ ਪਸੰਦ ਹੈ?'' ਤਾਂ ਸਭ ਦਾ ਜਵਾਬ ਹੋਵੇਗਾ, ''ਦੁਆ।'' ਜੇ ਤੁਸੀਂ ਪੁੱਛੋ, ''ਧਰਮ ਵਿਚ ਅਸੀਂ ਸਭ ਤੋਂ ਵੱਧ ਪਿੱਛੇ ਕਿਸ ਗੱਲ ਵਿਚ ਹਾਂ?'' ਤਾਂ ਸਿੱਧਾ ਜਿਹਾ ਜਵਾਬ ਹੋਵੇਗਾ, ''ਦੁਆ ਵਿਚ।''

ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਅਸੀਂ ਇਕ ਜੰਗਲੀ ''ਨਰਕ ਦੀ ਅੱਗ ਅਤੇ ਗੰਧਕ'' ਵਾਲਾ ਪ੍ਰਚਾਰਕ ਆਖਦੇ ਹਾਂ। ਚੇਲੇ ਉਸ ਨੂੰ ਦੁਆ ਕਰਨ ਅਤੇ ਦੁਆ ਕਰਨਾ ਸਿਖਾਉਣ ਵਾਲੇ ਦੇ ਰੂਪ ਵਿਚ ਜਾਣਦੇ ਸਨ। ਅਜੋਕਾ ਮਨੁੱਖ ਉਦਾਰਵਾਦੀ ਥਿਓਲੋਜੀ (ਧਰਮ ਸਿੱਖਿਆ) ਦੇ ਮਗਰ ਪਿਆ ਹੋਇਆ ਹੈ। ਮਿਸਰ ਦੀ ਗ਼ੁਲਾਮੀ ਵਿਚ ਰਹਿੰਦਿਆਂ ਇਬਰਾਨੀਆਂ ਨੂੰ ਵੀ ਅਜਿਹਾ ਹੀ ਲਗਦਾ ਸੀ। ਉਨ੍ਹਾਂ ਪੁਕਾਰ ਕੀਤੀ, ''ਸਾਨੂੰ ਛੁਡਾ!'' ਅਤੇ ਖ਼ੁਦਾ ਨੇ ਉਨ੍ਹਾਂ ਨੂੰ ਛੁਡਾ ਲਿਆ। ਉਹ ਮਿਸਰ ਵਿੱਚੋਂ ਨਿੱਕਲ

ਗਏ। ਉਹ ਅਜ਼ਾਦ ਤਾਂ ਸਨ ਪਰ ਪਿਆਸੇ ਸਨ! ਨਿਰੀ ਅਜ਼ਾਦੀ ਆਦਮੀ ਨੂੰ ਜੰਗਲੀ ਬਣਾ ਦਿੰਦੀ ਹੈ। ਮਨੁੱਖ ਪਿਆਸਾ ਹੈ! ਬੀਤੀਆਂ ਸਦੀਆਂ ਤੇ ਗੌਰ ਕਰਦਿਆਂ, ਅਗਸਟਿਨ[1] ਨੇ ਇਹ ਟਿੱਪਣੀ ਕੀਤੀ ਕਿ ''ਸਾਡੀ ਜਾਨ ਨੂੰ ਉਦੋਂ ਤਕ ਚੈਨ ਨਹੀਂ ਮਿਲਦਾ, ਜਦ ਤਕ ਅਸੀਂ ਤੇਰੇ ਵਿਚ ਚੈਨ ਨਹੀਂ ਪਾਉਂਦੇ।'' ਮਨੁੱਖੀ ਕੌਮ ਪਿਆਸੀ ਹੈ ਅਤੇ ਉਹ ਵੀ ਖ਼ੁਦਾ ਦੀ! ਖ਼ੁਦਾ ਨਾਲ ਸਬੰਧ ਬਣਾਉਣ ਲਈ ਦੁਆ ਬੁਨਿਆਦੀ ਢੰਗ ਹੈ। ਰਸੂਲ ਮੋਅਜਜ਼ੇ ਕਰ ਸਕਦੇ ਸਨ। ਇਹ ਉਨ੍ਹਾਂ ਲਈ ਰੋਮਾਂਚ ਭਰਿਆ ਸੀ! ਤਾਂ ਵੀ ਉਨ੍ਹਾਂ ਦਾ ਮਨ ਦੁਆ ਕਰਨ ਨੂੰ ਕਰਦਾ ਸੀ। ਧਰਮ ਵਿਚ ਦੁਆ ਦੀ ਆਪਣੀ ਇਕ ਖਾਸ ਥਾਂ ਹੈ। ਧਰਮ ਦੀ ਲੜਾਈ ਬੁਨਿਆਦੀ ਤੌਰ ਤੇ ਦੁਆ ਦੀ ਹੀ ਹੈ। ''ਮੈਨੂੰ ਦੁਆ ਕਰਨੀ ਸਿਖਾ ਦੇ; ਮੇਰੇ ਵਿਚ ਹੋ ਕੇ ਆਪ ਦੁਆ ਕਰ।''

## ਦੁਆ ਵਿਸ਼ਵਾਸ ਹੈ

ਦੁਆ ਔਖੀ ਹੈ ਕਿਉਂਕਿ ਦੁਆ ਕਰਨ ਨਾਲ ਖ਼ੁਦਾ ਨਾਲ ਸਾਡੇ ਸਬੰਧ ਭਾਵ ਸਾਡੇ ਅਸਲੀ ਵਿਸ਼ਵਾਸ ਅਤੇ ਜ਼ਿੰਦਗੀਆਂ ਦਾ ਪਤਾ ਲਗਦਾ ਹੈ। ਇਹੀ ਕਾਰਣ ਹੈ ਕਿ ਦੁਆ ਤੇ ਵਿਚਾਰ ਕਰਨਾ ਸਾਨੂੰ ਅੰਦਰ ਤਕ ਕੰਬਾਅ ਦਿੰਦਾ ਹੈ। ਦੁਆ ਨੂੰ ਜਾਦੂ ਵਰਗੀ ਮੰਨ ਲੈਣਾ ਖ਼ੁਦਾ ਨਾਲ ਸਾਡੇ ਸਬੰਧ ਨੂੰ ਬੁੱਤਪ੍ਰਸਤੀ ਦੇ ਰੂਪ ਵਾਂਗ ਜਾਣਨ ਵਿਚ ਵਿਖਾਉਣਾ ਹੈ। ਟੈਲੀਵਿਜ਼ਨ ਤੇ ਪ੍ਰਚਾਰ ਕਰਨ ਵਾਲੇ ਲੋਕ ਦਾਅਵਾ ਕਰਦੇ ਹਨ, ''ਜੋ ਵੀ ਲੋੜ ਹੈ, ਉਸ ਦਾ ਨਾਂਅ ਲਵੋ ਤੁਹਾਨੂੰ ਮਿਲ ਜਾਵੇਗਾ; ਜੋ ਵੀ ਮੰਗੋ ਤੁਹਾਡੇ ਲਈ ਹੋ ਜਾਵੇਗਾ।'' ਇਸ ਤੋਂ ਸਾਡੇ ਲੋਭ ਭਾਵ ਖ਼ੁਦਾ ਦਾ ਨਜਾਇਜ਼ ਫ਼ਾਇਦਾ ਚੁੱਕਣ ਦਾ ਪਤਾ ਲਗਦਾ ਹੈ। *ਦੁਆ ਤਾਂ ਭੈ ਨਾਲ ਭਰ ਦਿੰਦੀ ਹੈ!* ਜੇ ਅਸੀਂ ਘੱਟ ਦੁਆ ਕਰਦੇ ਹਾਂ ਜਾਂ ਬਿਲਕੁਲ ਕਰਦੇ ਹੀ ਨਹੀਂ , ਤਾਂ ਇਸ ਦਾ ਮਤਲਬ ਹੈ ਕਿ ਅਸੀਂ ਖ਼ੁਦਾ ਤੇ ਇੰਨਾ ਕੁ ਹੀ ਭਰੋਸਾ ਰੱਖਦੇ ਹਾਂ। ਜੇ ਅਸੀਂ ਬੰਦਗੀ ਤੋਂ ਨਿਰਾਸ਼ ਹੋ ਜਾਂਦੇ ਹਾਂ ਤਾਂ ਇਸ ਦਾ ਮਤਲਬ ਹੈ ਕਿ ਅਸੀਂ ਆਪਣੇ ਖ਼ੁਦਾ ਆਪੇ ਹੀ ਬਣ ਗਏ ਹਾਂ ਅਤੇ ਚਾਹੁੰਦੇ ਹਾਂ ਕਿ ਖ਼ੁਦਾ ਸਾਡੀ ਦੁਆ ਦਾ ਜਵਾਬ ਸਾਡੇ ਤਰੀਕੇ ਨਾਲ ਦੇਵੇ। ਜ਼ਾਹਿਰ ਹੈ ਕਿ ਅਸੀਂ ਨਿਰਾਸ਼ਾ ਦੀ ਬੰਦਗੀ ਨਹੀਂ ਕਰ ਸਕਦੇ। ਖ਼ੁਦਾ ਤਾਂ ਖ਼ੁਦਾ ਹੈ, ਇਸ ਲਈ ਉਸ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਚੇਲਿਆਂ ਨੇ ''ਸਾਨੂੰ ਦੁਆ ਕਰਨੀ ਸਿਖਾ'' ਦੀ ਬੇਨਤੀ ਇਸ ਕਰਕੇ ਨਹੀਂ ਕੀਤੀ ਸੀ ਕਿ ਉਹ ਆਪਣੀ ਇੱਛਾ ਪੂਰੀ ਕਰਨਾ ਚਾਹੁੰਦੇ ਸਨ। ਉਹ ਜਾਣਦੇ ਸਨ ਕਿ ਯਿਸੂ ''ਖ਼ੁਦਾ ਦੇ ਨਾਲ ਸਹੀ'' ਹੈ। ਉਹ ਜਾਣਦੇ ਸਨ ਕਿ ਸੁਰਗੀ ਪਿਤਾ ਨਾਲ ਯਿਸੂ ਦਾ ਗੂੜ੍ਹਾ ਰਿਸ਼ਤਾ ਹੈ। ਉਨ੍ਹਾਂ ਨੂੰ ਸਿਰਫ਼ ਉਸ ਚੀਜ਼ ਦੀ ਤੜਫ਼ ਸੀ ਜੋ ਉਸ ਦੇ ਕੋਲ ਸੀ! ਉਨ੍ਹਾਂ ਨੇ ਦੁਆ ਕਰਨ ਦਾ ਫ਼ਾਰਮੂਲਾ ਜਾਂ ਤਕਨੀਕ ਨਹੀਂ ਪੁੱਛੀ ਸੀ ਕਿਉਂਕਿ ਉਨ੍ਹਾਂ ਉੱਤੇ ਸਜਾਵਟੀ ਸਬਦਾਂ ਦਾ ਕੋਈ ਅਸਰ ਨਹੀਂ ਸੀ। ਉਨ੍ਹਾਂ ਨੇ ਕਿਸੇ ਨੂੰ ਦੁਆ ਕਰਦਿਆਂ ਵੇਖ ਕੇ ਹਕੀਕੀ ਦੁਆ ਨੂੰ ਸਮਝਿਆ ਸੀ। ਇਹ ਕੋਈ ''ਰੰਗੀਨ ਸ਼ੀਸ਼ੇ ਵਿੱਚੋਂ ਦੀ ਵੇਖਣਾ'' ਜਾਂ ''ਪਵਿੱਤਰ ਚੀਕ'' ਨਹੀਂ ਹੈ। ਦੁਆ ਤਾਂ ਸਰਬਸ਼ਕਤੀਮਾਨ ਖ਼ੁਦਾ ਸਾਹਮਣੇ ਹਲੀਮੀ ਨਾਲ ਆਉਣਾ ਹੈ। ਦੁਆ ਖ਼ੁਦਾ ਨਾਲ ਗੱਲਾਂ ਕਰਨ ਨਾਲੋਂ ਕਿਤੇ ਵੱਧ ਹੈ। ਦੁਆ ਖ਼ੁਦਾ ਦੀ ਸੁਣਨ ਨਾਲੋਂ ਵੀ ਵੱਧ ਹੈ। ਦੁਆ ਦਾ ਮਤਲਬ ਖ਼ੁਦਾ *ਦੇ ਨਾਲ* ਹੋਣਾ ਹੈ!

ਚੇਲਿਆਂ ਨੇ ਇਹ ਨਹੀਂ ਕਿਹਾ ਸੀ ਕਿ ''ਸਾਨੂੰ ਦੁਆ *ਕਰਨ ਦਾ ਤਰੀਕਾ* ਸਿਖਾ,'' ਬਲਕਿ ਉਨ੍ਹਾਂ ਕਿਹਾ ਸੀ ਕਿ ''ਸਾਨੂੰ ਦੁਆ ਕਰਨੀ ਸਿਖਾ ਦੇ!'' ਦੋਹਾਂ ਵਿਚ ਬਹੁਤ ਫ਼ਰਕ ਹੈ। ਅਸੀਂ ਦੁਆ ਦੀਆਂ ਗੱਲਾਂ ਕਰਦੇ ਹਾਂ; ਦੁਆ ਤੇ ਲਿਖੀਆਂ ਲੱਖਾਂ ਕਿਤਾਬਾਂ ਅਤੇ ਟੇਪਾਂ ਮਿਲ ਜਾਂਦੀਆਂ ਹਨ; ਅਸੀਂ ਦੁਆ ਤੇ ਹੋਣ ਵਾਲੀਆਂ ਸਭਾਵਾਂ ਵਿਚ ਜਾਂਦੇ ਹਾਂ। ਇਨ੍ਹਾਂ ਸਭ ਤੋਂ ਸਾਨੂੰ ਨਿਰਾਸ਼ਾ ਹੀ ਮਿਲਦੀ ਹੈ। ਕਿਉਂਕਿ ਕੁਲ ਮਿਲਾ ਕੇ ਸਭ ਕੋਈ ਫ਼ਾਰਮੂਲਾ ਜਾਂ ਉਪਾਅ ਹੀ ਦੱਸਦੇ ਹਨ। ਦੁਆ ਕਰਨਾ ਤੁਸੀਂ ਦੁਆ ਕਰਕੇ ਹੀ ਸਿੱਖ ਸਕਦੇ ਹੋ! ਮਹਿਸੂਸ ਕਰਕੇ ਕੀਤੀ ਗਈ ਦੁਆ, ਦੁਆ ਨਹੀਂ ਹੈ। ਇਹ ਸਹੀ ਹੈ ਕਿ ''ਦੁਆ ਕਰਨ ਤੋਂ ਬਾਅਦ ਤੁਸੀਂ ਦੁਆ ਨਾਲ ਵਧੇਰੇ ਕੰਮ ਕਰ ਸਕਦੇ ਹੋ, ਪਰ ਜੇ ਤੁਸੀਂ ਦੁਆ ਨਹੀਂ ਕਰਦੇ

ਤਾਂ ਇਸ ਤੋਂ ਵਧੀਕ ਤੁਸੀਂ ਕੁਝ ਨਹੀਂ ਕਰ ਸਕਦੇ।'' *ਪਹਿਲਾਂ ਦੁਆ ਕਰੋ।* ਜ਼ਿੰਦਾ ਰਹਿਣ ਲਈ ਅਸੀਂ ਦੁਆ ਕਰਦੇ ਹਾਂ। ਦੁਆ ਜ਼ਿੰਦਗੀ ਹੈ। ਧਰਮ ਦੀ ਬੁਨਿਆਦ ਦੁਆ ਹੈ। ''ਮੈਂ ਪਰਤੀਤ ਕਰਦਾ ਹਾਂ, ਮੇਰੀ ਬੇਪਰਤੀਤੀ ਦਾ ਉਪਾਅ ਕਰੋ'' ਹੀ ਦੁਆ ਦਾ ਸਾਰ ਹੈ (ਮਰਕੁਸ 9:24)। ''ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ'' (ਲੂਕਾ 18:13) ਹੀ ਦੁਆ ਹੈ। ਦੁਆ ਇਕਰਾਰ ਹੈ। ਦੁਆ ਸਮਰਪਣ ਹੈ। ਦੁਆ ਖ਼ੁਦਾ ਵੱਲ ਤੱਕਣਾ ਹੈ। ਦੁਆ ਹੁਕਮ ਮੰਨਣਾ ਹੈ। ਦੁਆ ਖ਼ੁਦਾ ਦੇ ਨਾਲ ਜੀਣਾ ਹੈ।

ਕਿਸੇ ਵੀ ਗੱਲ ਵਿਚ ਨਾਕਾਮੀ ਦਾ ਮਤਲਬ ਦੁਆ ਵਿਚ ਨਾਕਾਮ ਹੋਣਾ ਹੈ। ਕੋਈ ਵੀ ਪਾਪ ਦੁਆ ਨਾ ਕਰ ਸਕਣ ਕਰਕੇ ਹੀ ਹੁੰਦਾ ਹੈ। ਦੁਆ ਕਰਨ ਨਾਲੋਂ, ਦੁਆ ਬਾਰੇ ਲਿਖਣਾ ਅਸਾਨ ਹੈ। ਕਿਉਂਕਿ ਹੋ ਸਕਦਾ ਹੈ ਕਿ ਤੁਸੀਂ ਦੁਆ ਦੇ ਬਹੁਤ ਸਾਰੇ ਤੱਥਾਂ ਨੂੰ ਜਾਣਦੇ ਹੋਵੋ, ਪਰ ਦੁਆ ਨਾ ਕਰਦੇ ਹੋਵੋ। ਸਾਨੂੰ ਆਪਣੇ ਆਪ ਨੂੰ ਦੁਆ ਲਈ ਸਮਰਪਿਤ ਕਰਨਾ ਜ਼ਰੂਰੀ ਹੈ। ਇਸ ਅਰਥ ਵਿਚ ਦੁਆ ਦਾ ਨੇਮ ਵਿਸ਼ਵਾਸ ਦੇ ਨੇਮ ਨਾਲੋਂ ਪਹਿਲਾਂ ਹੈ:

> ਖ਼ੁਦਾ ਅਤੇ ਮਨੁੱਖ ਲਈ ਕੀਤੀ ਜਾਣ ਵਾਲੀ ਸਭ ਤੋਂ ਵੱਡੀ ਗੱਲ
> ਦੁਆ ਹੀ ਹੈ।
> ਇਹ ਇਕ ਗੱਲ ਹੀ ਨਹੀਂ, ਬਲਕਿ ਮੁੱਖ ਗੱਲ ਹੈ।
> ਦੁਨੀਆਂ ਦੇ ਮਹਾਨ ਲੋਕ ਦੁਆ ਕਰਨ ਵਾਲੇ ਲੋਕ ਹੀ ਹਨ।
> ਮੈਂ ਉਨ੍ਹਾਂ ਲੋਕਾਂ ਦੀ ਗੱਲ ਨਹੀਂ ਕਰਦਾ ਜੋ ਦੁਆ ਦੀਆਂ ਗੱਲਾਂ ਕਰਦੇ ਹਨ;
> ਨਾ ਉਨ੍ਹਾਂ ਦੀ ਜੋ ਆਖਦੇ ਹਨ ਕਿ ਉਨ੍ਹਾਂ ਦਾ ਯਕੀਨ ਦੁਆ ਵਿਚ ਹੈ;
> ਨਾ ਉਨ੍ਹਾਂ ਦੀ ਜੋ ਦੁਆ ਦੇ ਵਿਸ਼ੇ ਤੇ ਬੋਲ ਸਕਦੇ ਹਨ;
> ਮੈਂ ਤਾਂ ਉਨ੍ਹਾਂ ਦੀ ਗੱਲ ਕਰਦਾ ਹਾਂ ਜੋ ਦੁਆ ਕਰਨ ਲਈ ਸਮਾਂ ਦਿੰਦੇ ਹਨ।
>
> ਐੱਸ. ਡੀ. ਗੋਰਡਨ

## ਦੁਆ ਬਲ ਹੈ

ਚੇਲਿਆਂ ਨੂੰ ਯਿਸੂ ਨੂੰ ਦੁਆ ਕਰਦਿਆਂ ਸੁਣਨ ਦਾ ਸੁਭਾਗ ਮਿਲਿਆ। ਇਹ ਕਿੰਨੀ ਵੱਡੀ ਗੱਲ ਸੀ। ਤਿੰਨ ਸਾਲ ਉਨ੍ਹਾਂ ਨੇ ਯਿਸੂ ਨੂੰ ਵੱਖੋ ਵੱਖ ਹਾਲਾਤ ਵਿਚ ਵੇਖਿਆ ਸੀ। ਉਨ੍ਹਾਂ ਨੇ ਉਸ ਨੂੰ ਲੋਕਾਂ ਨੂੰ ਸਿੱਖਿਆ ਦਿੰਦਿਆਂ, ਬਿਮਾਰਾਂ ਨੂੰ ਚੰਗਿਆਈ ਦਿੰਦਿਆਂ ਅਤੇ ਬੱਚਿਆਂ ਨੂੰ ਬਰਕਤ ਦਿੰਦਿਆਂ ਵੇਖਿਆ ਸੀ। ਜੋ ਕੁਝ ਵੀ ਉਨ੍ਹਾਂ ਵੇਖਿਆ, ਉਸ ਵਿਚ ਕੁਝ ਵੀ ਉਸ ਦੀ ਦੁਆਈਆ ਜ਼ਿੰਦਗੀ ਵਰਗਾ ਨਹੀਂ ਸੀ। ਉਨ੍ਹਾਂ ਨੇ ਯਿਸੂ ਦਾ ਜਲਾਲ ਦੁਆ ਵਿਚ ਹੀ ਵੇਖਿਆ ਸੀ। ਦੁਆ ''ਢੰਗ'' ਨਾਲੋਂ ਕਿਤੇ ਵਧ ਕੇ ਹੈ; ਇਹ ਤਾਂ ''ਬਲ'' ਹੈ।

ਯਿਸੂ ਨੇ ਆਪਣੇ ਚੇਲਿਆਂ ਨੂੰ ''ਛੋਟੀ ਜਿਹੀ ਦੁਆ ਕਹਿਣਾ'' ਨਹੀਂ ਸਿਖਾਇਆ। ਦੁਆ ਕਹਿਣਾ ਅਤੇ ਦੁਆ ਕਰਨਾ, ਦੋਵੇਂ ਵੱਖੋ ਵੱਖ ਗੱਲਾਂ ਹਨ। ਯਿਸੂ ਨੇ ਦੁਆ ਕੀਤੀ। ਉਸ ਨੇ ਚੇਲਿਆਂ ਨੂੰ ਦੁਆ ਕਰਨੀ ਸਿਖਾਈ। ਭਾਂਵੇਂ ਯਿਸੂ ਉਨ੍ਹਾਂ ਦੇ ਨਾਲ ਸੀ ਫਿਰ ਵੀ ਉਸ ਨੂੰ ਲੱਗਾ ਕਿ ਦੁਆ ਕਰਨਾ ਉਨ੍ਹਾਂ ਲਈ ਜ਼ਰੂਰੀ ਸੀ। ਜੇ ਯਿਸੂ ਨੂੰ ਵੀ ਦੁਆ ਕਰਨ ਦੀ ਲੋੜ ਪੈਂਦੀ ਸੀ ਤਾਂ ਸਾਨੂੰ ਇਸ ਦੀ ਕਿੰਨੀ ਲੋੜ ਹੋ ਸਕਦੀ ਹੈ? ਜੇ ਦੁਆ ਕਰਨਾ ਯਿਸੂ ਲਈ ਐਨਾ ਅਹਿਮ ਸੀ ਤਾਂ ਕਲੀਸੀਆ ਵਿਚ ਵੀ ਇਸ ਦੀ ਅਹਿਮ ਥਾਂ ਹੋਣੀ ਚਾਹੀਦੀ ਹੈ।

ਇਸ ਲਈ ਕਲੀਸੀਆ ਦਾ ਕੰਮ ਦੁਆ ਕਰਨਾ ਹੈ। ਸਾਨੂੰ ਦੁਆ ਨੂੰ ''ਨਾਅਰੇ ਅਤੇ ਬਰਕਤ ਦੇਣ ਦੇ ਕਲਮੇ'' ਤਕ ਸੀਮਤ ਨਹੀਂ ਕਰਨ ਦੇਣਾ ਚਾਹੀਦਾ। ਸਾਡੀਆਂ ਆਮ ਦੁਆਵਾਂ ਖ਼ੁਦਾ ਅੱਗੇ ਹੋਣੀਆਂ ਚਾਹੀਦੀਆਂ ਹਨ ਨਾ ਕਿ ਮਨੁੱਖ ਦੇ ਅੱਗੇ। ਬਹੁਤ ਸਾਰੀਆਂ ਦੁਆਵਾਂ ''ਉੱਪਰੋਂ'' ਹੀ ਹੁੰਦੀਆਂ ਹਨ। ਦੁਆ ਯਾਦ ਕਰਕੇ ਨਹੀਂ ਕੀਤੀ ਜਾਣੀ ਚਾਹੀਦੀ। ਅਸੀਂ ਦੁਆ ''ਖ਼ੁਦਾ ਦੇ ਮਨ'' ਵਿਚ ਕਰਦੇ ਹਾਂ

ਜਾਂ ''ਲੋਕਾਂ ਦੇ ਕੰਨਾਂ'' ਵਿਚ? ਭਲਾ ਅਸੀਂ ਆਪਣੀਆਂ ਹੀ ਦੁਆਵਾਂ ਨੂੰ ਧਿਆਨ ਨਾਲ ਸੁਣਦੇ ਹਾਂ? ਅਸੀਂ ਉਸ ਗੱਲ ਲਈ ਦੁਆ ਕਰਦੇ ਹਾਂ, ਜਿਸ ਦੀ ਅਸੀਂ ਉਮੀਦ ਕਰਦੇ ਹਾਂ ਜਾਂ ਜਿਸਦੀ ਸਾਨੂੰ ਲੋੜ ਹੁੰਦੀ ਹੈ? ਜੇ ਇਹ ਉੱਪਰੋਂ ਉੱਪਰੋਂ ਹੈ ਤਾਂ ਇਹ ਬਣਾਵਟੀ ਹੈ! *ਭਲਾ ਅਸੀਂ ਅਸਲ ਵਿਚ ਦੁਆ ਕਰਦੇ ਹਾਂ? ਭਲਾ ਅਸੀਂ ਕਦੇ ਅਸਲ ਵਿਚ ਦੁਆ ਕੀਤੀ ਹੈ?* ਪਹਿਲੀ ਕਲੀਸੀਆ ਦੇ ਦੁਆ ਕਰਨ ਤੇ ਉਹ ਘਰ ਹਿੱਲ ਗਿਆ ਸੀ (ਰਸੂਲਾਂ ਦੇ ਕੰਮ 4:31)। ਚੇਲਿਆਂ ਨੂੰ ਪਤਾ ਸੀ ਕਿ ਯਿਸੂ ਕੋਲ ਕੁਝ ਹੈ। ਉਹ ਉਸ ਕੋਲੋਂ ਉਸ ਨੂੰ ਪਾਉਣਾ ਚਾਹੁੰਦੇ ਸਨ। ਅੱਜ ਜੇ ਵਿਸ਼ਵਾਸੀ ਲੋਕ ਦੁਆ ਕਰਦੇ ਹਨ ਤਾਂ ਕੀ ਹੋਵੇਗਾ? ਬਾਈਬਲ ਵਿਚ ਸਭ ਤੋਂ ਵੱਧ ਹੁਕਮ ਦੁਆ ਕਰਨ ਦਾ ਹੀ ਮਿਲਦਾ ਹੈ; ਫਿਰ ਵੀ ਇਸ ਨੂੰ ਮੰਨਿਆ ਸਭ ਤੋਂ ਘੱਟ ਜਾਂਦਾ ਹੈ। ਕਲੀਸੀਆ ਇਸ ਲਈ ਨਾਕਾਮ ਹੁੰਦੀ ਹੈ ਕਿਉਂਕਿ ਉਹ ਦੁਆ ਕਰਨ ਵਿਚ ਪਿੱਛੇ ਹਨ। ਦੁਆ ਤੋਂ ਸਾਡੀ ਹਕੀਕਤ ਪਤਾ ਲਗ ਜਾਂਦੀ ਹੈ; ਇਸ ਲਈ ਅਸੀਂ ਆਦਮ ਵਾਂਗ ''ਝਾੜੀਆਂ ਵਿਚ ਲੁਕਣ'' ਨੂੰ ਪਹਿਲ ਦਿੰਦੇ ਹਾਂ। ਦੁਆ ਸਾਨੂੰ ਘਮੰਡੀ ਹੋਣ ਤੋਂ ਰੋਕਦੀ ਹੈ। ਇਕ ਮਸੀਹੀ ਲਈ ਦੁਆ ਸਭ ਤੋਂ ਵਿਹਾਰਕ ਗੱਲ ਹੈ। ਹੋ ਸਕਦਾ ਹੈ ਕਿ ਕੋਈ ਪ੍ਰਚਾਰ ਤਾਂ ਬੜੀ ਦੇਰ ਤਕ ਕਰ ਸਕਦਾ ਹੋਵੇ, ਪਰ ਦੁਆ ਨਹੀਂ। ਬਿਨਾਂ ਦੁਆ ਦੇ ਸਾਨੂੰ ਕੁਝ ਵੀ ਨਹੀਂ ਕਰਨਾ ਚਾਹੀਦਾ!

## ਦੁਆ ਨਮੂਨਾ ਹੈ

ਭਾਵੇਂ ਚੇਲਿਆਂ ਨੇ ''ਸਾਨੂੰ ਦੁਆ ਕਰਨਾ ਸਿਖਾ'' ਹੀ ਕਿਹਾ ਸੀ, ਪਰ ਇਸ ਵਿਚ ਦੁਆ ਕਰਨ ਦਾ ''ਢੰਗ'' ਵੀ ਸ਼ਾਮਿਲ ਹੈ। ਲੋਕਾਂ ਦੀ ਦਿਲਚਸਪੀ ਅੱਜ ਸੱਚਾਈ, ਸਿੱਖਿਆ ਜਾਂ ਢੰਗ ਵਿਚ ਬਹੁਤੀ ਨਹੀਂ ਹੈ। ਯਿਸੂ ਨੇ ਇਕ ਨਮੂਨਾ, ਰੂਪਰੇਖਾ ਜਾਂ ਢੰਗ ਦੱਸ ਕੇ ਸ਼ੁਰੂਆਤ ਕੀਤੀ। ਜ਼ਿੰਦਗੀ ਦੀ ਕਿਸੇ ਵੀ ਗੱਲ ਦੀ ਸ਼ੁਰੂਆਤ ਬੁਨਿਆਦੀ ਗੱਲ ਤੋਂ ਹੋਣੀ ਜ਼ਰੂਰੀ ਹੈ। ਅਸੀਂ ਫ਼ੁੱਟਬਾਲ ਦੀ ''ਤਕਨੀਕ ਦੀ ਵਰਤੋਂ'' ਕਰਨ ਵਿਚ ਨਹੀਂ, ਬਲਕਿ ਅਸੀਂ ਕਿਸੇ ਨੂੰ ਰੋਕਣ ਜਾਂ ਉਸਦਾ ਸਾਹਮਣਾ ਕਰਨ ਵਿਚ ਨਾਕਾਮ ਹੁੰਦੇ ਹਨ। ਬੈਠੇ ਬੈਠੇ ਗੀਤ ਤਿਆਰ ਕਰਨ ਵਾਲੇ ਨੂੰ ਪਹਿਲਾਂ ਸੰਗੀਤ ਦੀਆਂ ਧੁਨਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਜਵਾਨ ਲਈ ਨਿਅਮਾਂ ਨੂੰ ਸਿੱਖਣਾ ਜ਼ਰੂਰੀ ਹੈ; ਸਿਰਫ਼ ਸਮਝ ਵਿਚ ਸਿਆਣਾ ਬੰਦਾ ਹੀ ਜਾਣ ਸਕਦਾ ਹੈ ਕਿ ਕੀ ਸ਼ਾਮਲ ਨਹੀਂ ਕਰਨਾ ਹੈ। ਦੁਆ ''ਕਰਨ ਦੇ ਢੰਗ ਵਿਚ ਬਲ'' ਹੈ।

ਯਿਸੂ ਸਾਡਾ ਧਿਆਨ ਖਿੱਚਦਾ ਹੈ। ਉਹ ਦੁਆ ਦੀ ਪੂਰੀ ਸਰਗਮ ਸਿਰਫ਼ ਕੁਝ ਸ਼ਬਦਾਂ ਵਿਚ ਹੀ ਦੱਸ ਦਿੰਦਾ ਹੈ। ਅਗਲੇ ਇਕ ਪਾਠ ਵਿਚ ਉਸ ਦੀ ''ਆਦਰਸ਼ ਦੁਆ'' ਤੇ ਧਿਆਨ ਦਿੱਤਾ ਜਾਵੇਗਾ। ਇਸ ਨੂੰ ''ਪ੍ਰਭੂ ਦੀ ਦੁਆ'' ਕਿਹਾ ਜਾਂਦਾ ਹੈ ਕਿਉਂਕਿ ਇਹ ਯਿਸੂ ਵੱਲੋਂ ਸਿਖਾਈ ਗਈ ਸੀ। ਇਹ ਬਾਈਬਲ ਦੇ ਮੁਤਾਬਕ ਹੈ ਕਿਉਂਕਿ ਇਹ ਬਾਈਬਲ ਵਿਚ ਹੈ। ਇਸ ਨੂੰ ਯਾਦ ਕੀਤਾ ਜਾ ਸਕਦਾ ਹੈ। ਇਸ ਨੂੰ ਬੋਲਿਆ ਜਾ ਸਕਦਾ ਹੈ। ਇਸ ਦੁਆ ਨੂੰ ਕੀਤਾ ਜਾ ਸਕਦਾ ਹੈ। ਗਾਇਆ ਜਾ ਸਕਦਾ ਹੈ। ਇਸ ਦਾ ਅਧਿਐਨ ਕੀਤਾ ਜਾਣਾ ਜ਼ਰੂਰੀ ਹੈ। ਇਸੇ ਤੋਂ ਹੀ ਅਸੀਂ ਸਭ ਸ਼ੁਰੂ ਕਰਦੇ ਹਾਂ।

## ਦੁਆ ਕਰਦੇ ਰਹਿਣਾ ਹੈ

ਯਿਸੂ ਦੁਆ ਨਾਲ ਸਾਡੀ ''ਮੂਰਖਤਾ'' ਦੀ ਪੋਲ ਖੋਲ੍ਹਦਾ ਹੈ। ਉਹ ਸਾਨੂੰ ਦੰਗ ਕਰ ਦਿੰਦਾ ਹੈ। ਚੇਲਿਆਂ ਦੀ ਬੇਨਤੀ ਦਾ ਜਵਾਬ ਦਿੰਦਿਆਂ, ਯਿਸੂ ਨੇ ਉਨ੍ਹਾਂ ਨੂੰ ਇਕ ਅਸਾਨ ਜਿਹਾ ਨਮੂਨਾ ਦਿੱਤਾ ਸੀ। ਇਹ ਉਨ੍ਹਾਂ ਲਈ ਨਿਰਾਸ਼ਾਜਨਕ ਹੋ ਸਕਦਾ ਸੀ। ਉਸ ਨੇ ਉਨ੍ਹਾਂ ਨੂੰ ਕੋਈ ਗੁਪਤ ਕੋਡ ਨਹੀਂ ਦੱਸਿਆ। ਇੱਥੇ ਕਿਸੇ ਤਰ੍ਹਾਂ ਦਾ ਕੋਈ ਰਹੱਸ ਭਰਿਆ ਬਚਕਾਨਾ ਢੰਗ ਨਹੀਂ ਵਰਤਿਆ ਗਿਆ। ਸ਼ੁਰੂਆਤ ਦਿੱਤੇ ਗਏ ਨਮੂਨੇ ਤੋਂ ਕਰੋ, ਅਤੇ ਫਿਰ ਉਸਦੇ ਨਾਲ ਨਾਲ ਚੱਲਦੇ ਰਹੋ। ਜੇ ਤੁਸੀਂ ਗੰਭੀਰਤਾ ਨਾਲ ਦੁਆ ਨਹੀਂ ਕਰਦੇ ਤਾਂ ਖ਼ੁਦਾ ਨੂੰ ਗੰਭੀਰ ਹੋਣ ਦੀ ਕੀ ਲੋੜ ਹੈ? ਜੇ ਤੁਸੀਂ ਦੁਆ ਵਿਚ ਸੰਘਰਸ਼ ਨਹੀਂ ਕਰਨਾ ਚਾਹੁੰਦੇ ਤਾਂ ਖ਼ੁਦਾ ਉਹ ਦੁਆ ਕਿਉਂ ਸੁਣੇ? ਦੁਆ ਕਰਨਾ ਵਿਚਾਰ ਕਰਨਾ ਹੈ। ਸਮਰਪਣ ਕਰਨਾ ਹੈ।

ਮੰਗਣਾ, ਲੱਭਣਾ ਅਤੇ ਖੜਕਾਉਣਾ ਦੁਆ ਹੀ ਹੈ। ਮੰਗਦੇ ਰਹੋ, ਲੱਭਦੇ ਰਹੋ, ਖੜਕਾਉਂਦੇ ਰਹੋ। ਖ਼ੁਦਾ ਬੋਤਲ ਵਿਚ ਬੰਦ ਜਿੰਨ ਨਹੀਂ ਹੈ। ਦੁਆ ਇਕ ਕੰਮ ਹੈ। ਦੁਆ ਮੁਸ਼ਕਿਲ ਹੈ। ਦੁਆ ਲਈ ਸਮਾਂ ਦੇਣਾ ਜ਼ਰੂਰੀ ਹੈ। ਦੁਆ ਸਾਡੇ ਬੁੱਲ੍ਹਾਂ ਦੀ ਕੁਰਬਾਨੀ ਹੀ ਨਹੀਂ ਬਲਕਿ ਸਾਡੀ ਜ਼ਿੰਦਗੀ ਵੀ ਮੰਗਦੀ ਹੈ। ਕੁਝ ਹੀ ਲੋਕ ਦੁਆ ਕਰਦੇ ਹਨ। ਕੁਝ ਲੋਕ ਹੀ ਧੀਰਜ ਰੱਖ ਪਾਉਂਦੇ ਹਨ। ਦੁਆ ''ਚੁਟਕੀ ਵਜਾ ਕੇ'' ਮਿਲ ਜਾਣਾ ਨਹੀਂ ਹੈ। ਦੁਆ ਕੋਈ ਮੰਗ ਪੱਤਰ ਨਹੀਂ ਹੈ।

ਯਿਸੂ ਸਿਰਫ਼ ਖ਼ੁਦਾ ਨੂੰ ਨਹੀਂ ਜਾਣਦਾ ਸੀ, ਉਹ ਸਾਨੂੰ ਵੀ ਜਾਣਦਾ ਹੈ। ਲੂਕਾ 11:5–8 ਵਿਚ ਉਸ ਨੇ ਦੋ ਦੋਸਤਾਂ ਦੀ ਮਿਸਾਲ ਦੇ ਕੇ ਦੁਆ ਵਿਚ ਢੀਠ ਹੋਣ ਬਾਰੇ ਦੱਸਿਆ। ਅਸੀਂ ਲੋੜ ਵੇਲੇ ਦੋਸਤਾਂ ਮਿੱਤਰਾਂ ਨੂੰ ਯਾਦ ਕਰਦੇ ਹਾਂ। ਅਸੀਂ ਪੱਕੇ ਦੋਸਤਾਂ ਨੂੰ ਮਿਲਣ ਲਈ ਸਮੇਂ ਅਤੇ ਸਥਾਨ ਦੀ ਚੋਣ ਵੀ ਸਮਝਦਾਰੀ ਨਾਲ ਕਰਦੇ ਹਾਂ। ਅੱਧੀ ਰਾਤ ਦਾ ਵਕਤ ਸਹੀ ਵਕਤ ਨਹੀਂ ਹੁੰਦਾ! ਉਦੋਂ ਜਗਾਉਣਾ ਕਿਸੇ ਨੂੰ ਵੀ ਠੀਕ ਨਹੀਂ ਲਗ ਸਕਦਾ। ਉਸ ਨਾਲ ਅਗਲੇ ਦਿਨ ਕੰਮ ਵੇਲੇ ਗੱਲ ਕੀਤੀ ਜਾ ਸਕਦੀ ਹੈ। ਤੁਹਾਡੇ ਢੀਠਪੁਣੇ ਕਰਕੇ, ਕੋਈ ਦੋਸਤ ਜ਼ਰੂਰ ਤੁਹਾਡੀ ਗੱਲ ਸੁਣੇਗਾ। ਚਾਹੇ ਮਨ ਵਿਚ ਉਹ ਕੁੜ੍ਹਦਾ ਹੀ ਰਹੇ। ਲੂਕਾ 11:5–8 ਵਾਲੀ ਉਦਾਹਰਣ ਸਾਨੂੰ ਇਹ ਨਹੀਂ ਦੱਸਦੀ ਕਿ ਖ਼ੁਦਾ ਸਾਨੂੰ ਦੇਣਾ ਨਹੀਂ ਚਾਹੁੰਦਾ, ਬਲਕਿ ਇਹ ਖ਼ੁਦਾ ਦੀ ਇੱਛਿਆ ਨੂੰ ਦਰਸਾਉਂਦੀ ਹੈ। ਦੁਆ ਇਸੇ ਲਈ ਬਲ ਹੈ ਕਿਉਂਕਿ ਖ਼ੁਦਾ, ਖ਼ੁਦਾ ਹੈ। ਮੇਰਾ ਯਕੀਨ ਦੁਆ ਵਿਚ ਨਹੀਂ ਬਲਕਿ ਖ਼ੁਦਾ ਵਿਚ ਹੈ। ਖ਼ੁਦਾ ਹਰ ਵੇਲੇ ਸਾਡੀ ਗੱਲ ਸੁਣਨ ਨੂੰ ਤਿਆਰ ਹੈ। ਦੁਆ ਲਈ ਦੁਆ ਤੋਂ ਛੁੱਟ ਹੋਰ ਕੋਈ ਦਲੀਲ ਨਹੀਂ ਹੈ। ਦੁਆ ਨਾਲ ਹਮੇਸ਼ਾ ਬਿਲਕੁਲ ਨਵੇਂ ਹਾਲਾਤ ਬਣ ਜਾਂਦੇ ਹਨ। ਦੁਆ ਦੇ ਬਾਅਦ ਸਭ ਕੁਝ ਬਦਲ ਜਾਂਦਾ ਹੈ। ਇਸਦੇ ਨਮੂਨੇ ਨੂੰ ਧਿਆਨ ਵਿਚ ਰੱਖੋ ਅਤੇ ਫਿਰ ਉਸ ਵਿਚ ਮਜ਼ਬੂਤੀ ਨਾਲ ਲੱਗੇ ਰਹੋ।

## ਦੁਆ ਪਾਉਣਾ ਹੈ

'' ... ਮੰਗੋ, ਤਾਂ ਤੁਹਾਨੂੰ ਦਿੱਤਾ ਜਾਵੇਗਾ; ਢੂੰਡੋ, ਤਾਂ ਤੁਹਾਨੂੰ ਲੱਭੇਗਾ; ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ'' (ਲੂਕਾ 11:9)। ਕਿਸੇ ਨੇ ਮੁਲਾਂਕਣ ਕੀਤਾ ਹੈ ਕਿ ਬਾਈਬਲ ਵਿਚ 667 ਬੇਨਤੀਆਂ ਹਨ, ਜਿੰਨ੍ਹਾਂ ਵਿੱਚੋਂ 654 ਦੇ ਜਵਾਬ ਮਿਲ ਜਾਂਦੇ ਹਨ। ਇਹ ਬਹੁਤ ਵੱਡੀ ਫ਼ੀਸਦੀ ਹੈ। ਇਸਦਾ ਮਤਲਬ ਇਹ ਨਹੀਂ ਕਿ 13 ਦੁਆਵਾਂ ਦਾ ਜਵਾਬ ਨਹੀਂ ਮਿਲਿਆ! ਦੁਆ ਦੀ ਹਰ ਦੁਨਿਆਵੀ ਗੱਲ ਲੂਕਾ 11 ਵਿਚ ਮਿਲਦੀ ਹੈ। *ਦੁਆ ਕਰੋ ... ਦੁਆ ਕਰੋ ... ਦੁਆ ਕਰੋ...*! ਕਿੰਨੇ ਜ਼ਬਰਦਸਤ ਵਾਅਦੇ ਹਨ। ਖ਼ੁਦਾ ਵਾਅਦੇ ਕਰਨ ਵਾਲਾ ਅਤੇ ਵਾਅਦਿਆਂ ਨੂੰ ਪੂਰਾ ਕਰਨ ਵਾਲਾ ਖ਼ੁਦਾ ਹੈ! ''ਖ਼ੁਦਾਇਆ ਤੂੰ ਕਿੰਨਾ ਵਫ਼ਾਦਾਰ ਹੈਂ!'' ਮੰਗੋ ... ਢੂੰਡੋ ... ਖੜਕਾਓ! ਦੁਆ ਵਿਚ ਦਲੇਰੀ ਨਾਲ ਲੱਗੇ ਰਹਿਣ ਨਾਲ ਲਾਭ ਮਿਲਦਾ ਹੈ। ਦਾਊਦ ਦੇ ਜ਼ਬੂਰ ਪੜ੍ਹੋ। ਯਿਸੂ ਸਾਨੂੰ ਜਾਣਦਾ ਹੈ ਇਸ ਲਈ ਉਹ ਪਿਤਾਵਾਂ ਨੂੰ ਵੀ ਜਾਣਦਾ ਸੀ। ਮੈਂ ਕਿਸੇ ਦਾ ਪਿਤਾ ਹਾਂ; ਕਿਸੇ ਦਾ ਦਾਦਾ ਹਾਂ। ਪਿਤਾ ਬੱਚਿਆਂ ਨੂੰ ਪਿਆਰ ਨਾਲ ਚੀਜ਼ਾਂ ਲੈ ਕੇ ਦਿੰਦਾ ਹੈ! ਸੰਸਾਰਿਕ ਪਿਤਾ ਆਪਣੇ ਬੱਚਿਆਂ ਨੂੰ ਚੰਗੀਆਂ ਚੰਗੀਆਂ ਚੀਜ਼ਾਂ ਦਿੰਦਾ ਹੈ ਤਾਂ ਫਿਰ ਸਾਡਾ ਸੁਰਗੀ ਪਿਤਾ ਕਿਉਂ ਨਹੀਂ ਦਵੇਗਾ? ਦੁਆਵਾਂ ਇਨ੍ਹਾਂ ਸਭਨਾਂ ਲਈ ਪਹਿਲਾ ਸ਼ਬਦ ਹੈ। ਦੁਆ ਤੋਂ ਅਸੀਂ ਸ਼ੁਰੂਆਤ ਕਰਦੇ ਹਾਂ। ਦੁਆ ਹੀ ਆਖ਼ਰੀ ਸ਼ਬਦ ਹਨ।

ਇਨ੍ਹਾਂ ਸਵਾਲਾਂ ਤੇ ਵਿਚਾਰ ਕਰੋ: (1) ਜੇ ਸਾਨੂੰ ਪਤਾ ਹੋਵੇ ਕਿ ਕੱਲ੍ਹ ਯਿਸੂ ਆਉਣ ਵਾਲਾ ਹੈ, ਤਾਂ ਅੱਜ ਅਸੀਂ ਦੁਆ ਵਿਚ ਕਿੰਨਾ ਸਮਾਂ ਬਤੀਤ ਕਰਾਂਗੇ? (2) ਸੁਰਗ ਵਿਚ ਕੀ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਹ ਮੰਨਣਗੇ ਨਹੀਂ ਕਿ ''ਮੈਨੂੰ ਹੋਰ ਦੁਆ ਕਰਨੀ ਚਾਹੀਦੀ ਸੀ''?

**"ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ। ਮੈਨੂੰ ਯਕੀਨ ਨਾਲ ਦੁਆ ਕਰਨਾ ਸਿਖਾ ਦੇ।"**